# ਪੰਜਾਬ ਸਰਕਾਰ
# ਸਕੂਲ ਸਿੱਖਿਆ ਵਿਭਾਗ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ ।

ਮੀਮੋ ਨੰ: 5/3-ICT-2019/ Temp.duty/ 175974
ਮਿਤੀ:- 20 /06/2019

**ਵਿਸ਼ਾ:** **ਪਿਕਟਸ ਸੋਸਾਇਟੀ ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀਜ਼ ਦੀ ਹੋਰ ਵਿਭਾਗਾਂ ਵਿੱਚ ਲੱਗੀਆਂ ਡਿਊਟੀਆਂ ਸਬੰਧੀ ।**

1.0 ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੰਪਿਊਟਰ ਫੈਕਲਟੀਜ਼ ਦੀਆਂ ਹੋਰ ਵਿਭਾਗਾਂ ਜਿਵੇ ਡੀ.ਸੀ ਦਫਤਰ, ਐਸ.ਡੀ.ਐਮ ਦਫਤਰ ਜਾਂ ਚੋਣ ਡਿਊਟੀ ਆਦਿ ਤੇ ਅਜੇ ਵੀ ਸਕੂਲ ਤੋਂ ਬਾਹਰ ਡਿਊਟੀਆਂ ਲੱਗੀਆਂ ਹੋਈਆਂ ਹਨ, ਜਿਸ ਕਾਰਨ ਸਕੂਲ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਬਹੁਤ ਜਿਆਦਾ ਪ੍ਰਭਾਵਿਤ ਹੋ ਰਹੀ ਹੈ ।

2.0 ਕਿਉਂਕਿ ਹੁਣ ਨਵਾ ਵਿਦਿਅਕ ਸੈਸ਼ਨ ਸ਼ੁਰੂ ਹੋ ਚੁੱਕਾ ਹੈ ਅਤੇ ਵਿਦਿਆਰਥੀਆਂ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਅਧਿਆਪਕਾਂ ਦਾ ਸਕੂਲਾਂ ਵਿੱਚ ਰਹਿਣਾ ਲਾਜਮੀ ਹੈ, ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਕੂਲਾਂ ਵਿਚੋ ਕੰਪਿਊਟਰ ਫੈਕਲਟੀਜ਼ ਹੋਰ ਵਿਭਾਗਾਂ ਵਿੱਚ ਡਿਊਟੀ ਤੇ ਹਨ ਓਹਨਾਂ ਨੂੰ ਤੁਰੰਤ ਫਾਰਗ ਕਰਵਾ ਕੇ ਸਕੂਲ ਵਿੱਚ ਹਾਜਰ ਕਰਵਾਇਆ ਜਾਵੇ ।

3.0 ਇਸ ਉਪਰੰਤ ਜੇਕਰ ਕੋਈ ਕੰਪਿਊਟਰ ਫੈਕਲਟੀ ਸਕੂਲ ਤੋਂ ਬਾਹਰ ਦੂਸਰੇ ਵਿਭਾਗ ਵਿੱਚ ਡਿਊਟੀ ਤੇ ਪਾਇਆ ਗਿਆ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ ।

**ਸਕੱਤਰ ਸਕੂਲ ਸਿੱਖਿਆ,**
**ਪੰਜਾਬ ।**